# Appendix G

CONTINUED ENTITLEMENT LETTER

[SCHOOL LETTERHEAD]

[INSERT DATE]

ਪਿਆਰੇ ਮਾਤਾ-ਪਿਤਾ/ਸਰਪਰੱਸਤ:

ਇਸ ਬਸੰਤ ਰੁਤ ਵਿੱਚ ਤੁਹਾਡੇ ਬੱਚੇ [CHILD'S NAME] ਦਾ ਨਿਊ ਯਾਰਕ ਸਟੇਟ ਦੇ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦੇ ਗਿਆਨ ਦਾ ਟੈਸਟ (New York State English as a Second Language Achievement Test) ਲਿਆ ਗਿਆ ਸੀ, ਤਾਂ ਜੋ ਅੰਗਰੇਜ਼ੀ ਭਾਸ਼ਾ ਵਿੱਚ ਉਸਦੀ ਪ੍ਰਵੀਨਤਾ ਦਾ ਪਤਾ ਲਾਇਆ ਜਾ ਸਕੇ। ਟੈਸਟ ਦੇ ਨਤੀਜਿਆਂ ਮੁਤਾਬਿਕ ਤੁਹਾਡਾ ਬੱਚਾ ਅੰਗਰੇਜ਼ੀ ਭਾਸ਼ਾ ਸਿਖਣ ਵਾਲਿਆਂ (English Language Learners, ELLs) ਲਈ ਕਲਾਸਾਂ ਵਿੱਚ ਅੰਗਰੇਜ਼ੀ ਦੇ ਗਿਆਨ ਦੇ ਵਾਧੇ ਲਈ ਸਮਰਥਨ ਪ੍ਰਾਪਤ ਕਰਨ ਦਾ ਅਜੇ ਵੀ ਹੱਕਦਾਰ ਹੈ।

ਕਿਉਂਕਿ ਅਧਿਅਨ ਤੋਂ ਪਤਾ ਲਗਦਾ ਹੈ ਕਿ ਜਿਹੜੇ ਵਿਦਿਆਰਥੀ ਸਾਲ ਦਰ ਸਾਲ ਇਕ ਹੀ ਪ੍ਰੋਗਰਾਮ ਵਿੱਚ ਰਹਿੰਦੇ ਹਨ, ਪ੍ਰਮਾਣਕ ਅੰਗਰੇਜ਼ੀ ਅਤੇ ਮੈਥਿਮੈਟਿਕਸ ਦੇ ਸਿਟੀ ਅਤੇ ਸੇਟਟ ਟੈਸਟਾਂ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਉਨ੍ਹਾਂ ਵਿਦਿਆਰਥੀਆਂ ਨਾਲੋਂ ਬਿਹਤਰ ਹੁੰਦੀ ਹੈ ਅਤੇ ਪੜ੍ਹਾਈ ਵਿੱਚ ਉਹ, ਉਨ੍ਹਾਂ ਵਿਦਿਆਰਥੀਆਂ ਨਾਲੋਂ ਅਗੇ ਰਹਿੰਦੇ ਹਨ, ਜੋ ਇਕ ਤੋਂ ਬਾਅਦ ਇਕ ਪ੍ਰੋਗਰਾਮ ਛਡਕੇ ਦੂਜੇ ਵਿੱਚ ਚਲੇ ਜਾਂਦੇ ਹਨ, ਇਸਲਈ ਤੁਹਾਡਾ ਬੱਚਾ ELL ਪ੍ਰੋਗਰਾਮ ਵਿੱਚ ਹੀ ਰਹੇਗਾ, ਜਿਸ ਵਿੱਚ ਕਿ ਉਹ ਇਸ ਵੇਲੇ ਹੈ। (ਜੇ ਇਹ ਪ੍ਰੋਗਰਾਮ ਅੰਗਰੇਜ਼ੀ ਸਿਖਣ ਤਕ ਦੇ ਵਿਚਲੇ ਸਮੇਂ ਵਿੱਚ ਦੋ ਭਾਸ਼ਾਵਾਂ ਵਿੱਚ ਪੜ੍ਹਾਈ (Transitional Bilingual Education) ਦਾ ਪ੍ਰੋਗਰਾਮ ਹੈ, ਤਾਂ ਤੁਹਾਡਾ ਬੱਚਾ ਉਨਾਂ ਸਮਾਂ ਇਸ ਪ੍ਰੋਗਰਾਮ ਵਿੱਚ ਰਹੇਗਾ, ਜਦ ਤਕ ਕਿ ਇਸ ਨੂੰ ਜਾਰੀ ਰਖਣ ਲਈ ਇਸ ਵਿੱਚ ਕਾਫ਼ੀ ਸਾਰੇ ਵਿਦਿਆਰਥੀ ਹਨ)।

ਜੇ ਤੁਸੀਂ ਆਪਣੇ ਬੱਚੇ ਦਾ ਮੌਜੂਦਾ ਪ੍ਰੋਗਰਾਮ ਬਦਲਣਾ ਚਾਹੁੰਦੇ ਹੋ, ਜਾਂ ਤੁਸੀਂ ਕੋਈ ਸਵਾਲ ਪੁਛਣੇ ਹੋਣ ਤਾਂ ਕਿਰਪਾ ਕਰਕੇ [SCHOOL CONTACT] ਨੂੰ [PHONE NUMBER] 'ਤੇ ਫ਼ੋਨ ਕਰੋ। ਅਸੀਂ ਤੁਹਾਡੇ ਬੱਚੇ ਨੂੰ ਅੰਗਰੇਜ਼ੀ ਵਿੱਚ ਆਪਣੀ ਯੋਗਤਾ ਲਗਾਤਾਰ ਵਧਾਉਣ ਵਿੱਚ ਸਹਾਇਤਾ ਦੇਣ ਦੇ ਚਾਹਵਾਨ ਹਾਂ।

ਤੁਹਾਡਾ ਸ਼ੁਭ ਚਿੰਤਕ,

[INSERT PRINCIPAL'S NAME]